# ਕਰਉ ਜਤਨ ਜੇ ਹੋਇ ਮਿਹਰਵਾਨਾ ॥

ਕਰਉ ਜਤਨ ਜੇ ਹੋਇ ਮਿਹਰਵਾਨਾ ॥ (ਪੰਨਾ–562)

ਗੁਰਬਾਣੀ ਦੀ ਇਸ ਪੰਗਤੀ ਦੇ ਦੋ ਪੱਖ ਹਨ:—

1. 'ਕਰਉ ਜਤਨ' ਅਤੇ
2. 'ਹੋਇ ਮਿਹਰਵਾਨਾ'

'ਕਰਉ ਜਤਨ' ਦੇ ਅੰਤ੍ਰੀਵ ਭਾਵ ਨੂੰ ਸਪਸ਼ਟ ਕਰਨ ਲਈ ਕੁਝ ਵਿਚਾਰਾਂ ਪੇਸ਼ ਕੀਤੀਆਂ ਜਾਂਦੀਆਂ ਹਨ ।

ਸੂਰਜ ਹਮੇਸ਼ਾ ਪ੍ਰਕਾਸ਼ਵਾਨ ਹੈ, ਤੇ ਇਸ ਦੀ ਧੁੱਪ ਦਾ ਪ੍ਰਕਾਸ਼, ਆਦਿ ਤੋਂ ਹੀ ਸਹਿਜ–ਸੁਭਾਇ ਹੋ ਰਿਹਾ ਹੈ ।

ਇਸ ਤਰ੍ਹਾਂ ਇਹ 'ਪ੍ਰਕਾਸ਼' :—

ਇਲਾਹੀ ਦਾਤ ਹੈ
ਅਮਿਤ ਹੈ
ਅਥਾਹ ਹੈ
ਇਕਸਾਰ ਹੈ
ਸਦੀਵੀ ਹੈ
ਸਹਿਜ–ਸੁਭਾਇ ਹੈ
ਨਿੱਘ ਸਰੂਪ ਹੈ
ਸੁਖਦਾਈ ਹੈ
ਜੀਵਨ ਦਾਤੀ ਹੈ
ਸ਼ਕਤੀ ਦਾਤੀ ਹੈ
ਪ੍ਰਕਾਸ਼–ਰੂਪ ਹੈ
ਹਨੇਰ ਖੰਡਨ ਹੈ

ਵਿਤਕਰਾ ਰਹਿਤ ਹੈ
ਨਿਰਮਲ ਹੈ
ਸਰਬ–ਵਿਆਪੀ ਹੈ ।

ਇਸ ਧੁੱਪ ਦੇ ਪ੍ਰਕਾਸ਼ ਲਈ ਅਸੀਂ ਕੋਈ :

ਸੋਚ ਨਹੀਂ ਕੀਤੀ
ਵਿਉਂਤ ਨਹੀਂ ਕੀਤੀ
ਮੰਗ ਨਹੀਂ ਕੀਤੀ
ਘਾਲਣਾ ਨਹੀਂ ਘਾਲੀ
ਕੀਮਤ ਨਹੀਂ ਦਿਤੀ ।

ਜਦ ਕਦੀ ਅਸੀਂ ਇਸ ਧੁੱਪ ਦੀ ਇਲਾਹੀ ਦਾਤ ਤੋਂ ਵਾਂਝੇ ਹੁੰਦੇ ਹਾਂ ਤਾਂ ਇਸ ਵਿਚ 'ਧੁੱਪ' ਜਾਂ ਧੁੱਪ ਦੇ ਸੋਮੇ 'ਸੂਰਜ' ਦਾ ਕੋਈ ਦੋਸ਼ ਨਹੀਂ ।

ਜਦ ਅਸੀਂ ਕਿਸੇ ਵਜ੍ਹਾ ਨਾਲ 'ਧੁੱਪ' ਤੋਂ ਓਹਲੇ ਹੋ ਜਾਂਦੇ ਹਾਂ ਤਾਂ 'ਧੁੱਪ' ਦੇਸੁਖਦਾਈ ਗੁਣਾਂ ਤੋਂ ਵਾਂਝੇ ਹੋ ਜਾਂਦੇ ਹਾਂ । ਜਦ ਫੇਰ ਧੁੱਪ ਦੇ ਪ੍ਰਕਾਸ਼ ਵਿਚ ਆਪਣੇ ਆਪ ਨੂੰ ਪੇਸ਼ ਕਰਦੇ ਹਾਂ ਤਾਂ ਫੇਰ 'ਧੁੱਪ' ਦੀ ਸੁਖਦਾਈ ਨਿੱਘ ਅਤੇ ਚਾਨਣ ਮਾਣਦੇ ਹਾਂ ।

ਹਨੇਰੇ ਵਿਚੋਂ ਨਿਕਲ ਕੇ ਆਪਣੇ ਆਪ ਨੂੰ ਧੁੱਪ ਦੀ ਹਜ਼ੂਰੀ ਵਿਚ ਪੇਸ਼ ਕਰਨਾ ਹੀ ਸਾਡਾ 'ਜਤਨ' ਹੈ ।

ਜਦ ਅਸੀਂ ਅਕਾਲ ਪੁਰਖ ਦੀ ਹਜ਼ੂਰੀ ਅਥਵਾ 'ਯਾਦ' ਵਿਚ ਰਹਿੰਦੇ ਹਾਂ ਤਾਂ ਸਾਨੂੰ ਅਕਾਲ ਪੁਰਖ ਦੀਆਂ ਸਾਰੀਆਂ ਦੈਵੀ ਦਾਤਾਂ ਸਹਿਜੇ ਹੀ ਪ੍ਰਦਾਨ ਹੁੰਦੀਆਂ ਹਨ ਤੇ ਅਸੀਂ ਅਲੌਕਿਕ ਇਲਾਹੀ ਹਜ਼ੂਰੀ ਦਾ ਨਿੱਘ ਅਤੇ ਰਸ ਦਾ ਰੰਗ ਮਾਣਦੇ ਹਾਂ ।

ਐਨ ਇਸ ਦੇ ਉਲਟ ਜਦ ਸਾਡਾ ਮਨ ਆਪਣੇ ਸੋਮੇ 'ਅਕਾਲ ਪੁਰਖ' ਤੋਂ ਬੇਮੁਖ ਹੋ ਕੇ 'ਭੁੱਲ' ਵਿਚ ਵਿਚਰਦਾ ਹੈ ਤਾਂ ਅਸੀਂ ਸਾਰੀਆਂ ਇਲਾਹੀ ਦਾਤਾਂ ਤੋਂ ਵਾਂਝੇ ਰਹਿੰਦੇ ਹਾਂ ਅਤੇ ਮਾਇਕੀ ਭਰਮ ਦੇ ਹਨੇਰੇ ਕਾਰਣ ਦੁਖ–ਕਲੇਸ਼ ਭੋਗਦੇ ਹਾਂ ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ (ਪੰਨਾ–135)

ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥
ਜਲਤਾ ਫਿਰੈ ਰਹੈ ਨਿਤ ਤਾਤਾ ॥
ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ ॥ (ਪੰਨਾ–1086)

ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ ॥ (ਪੰਨਾ-212)

ਇਸ ਤਰ੍ਹਾਂ 'ਪ੍ਰਕਾਸ਼ ਦਾ ਰਸ ਮਾਨਣਾ' ਯਾ ਇਸ ਤੋਂ 'ਵਾਂਝੇ ਰਹਿਣਾ', ਸਾਡੇ ਮੁੱਢਲੇ 'ਜਤਨ' ਦਾ ਹੀ ਨਤੀਜਾ ਹੈ, ਜਾਂ ਇਉਂ ਕਹੋ ਕਿ 'ਨਾਮ-ਸਿਮਰਨ' ਹੀ ਆਤਮਿਕ ਪ੍ਰਕਾਸ਼ ਦੀ 'ਗੁਪਤ ਕੁੰਜੀ' ਹੈ । ਦੂਜੇ ਲਫ਼ਜ਼ਾਂ ਵਿਚ ਅਕਾਲ ਪੁਰਖ ਦੀ 'ਯਾਦ' ਅਥਵਾ 'ਸਿਮਰਨ' ਹੀ 'ਨਾਮ' ਦੇ ਪ੍ਰਕਾਸ਼-ਮਈ ਆਤਮਿਕ ਮੰਡਲ ਦੀਆਂ ਇਲਾਹੀ ਦਾਤਾਂ ਦੇ ਭੰਡਾਰੇ ਦੀ ਆਤਮਿਕ ਕੁੰਜੀ ਹੈ ।

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ ॥ (ਪੰਨਾ-80)

ਜਿਸੁ ਸਿਮਰਤ ਸਗਲਾ ਦੁਖੁ ਜਾਇ ॥
ਸਰਬ ਸੂਖ ਵਸਹਿ ਮਨਿ ਆਇ ॥ (ਪੰਨਾ-1148)

ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥ (ਪੰਨਾ-1141)

ਪਰ ਇਥੇ ਇਕ ਅਤਿ ਡੂੰਘੀ ਤੇ ਜ਼ਰੂਰੀ ਘੁੰਡੀ ਖੋਲ੍ਹਣ ਦੀ ਲੋੜ ਹੈ ।

ਹਉਮੈ ਅਧੀਨ ਤ੍ਰੈ-ਗੁਣਾਂ ਵਿਚ ਕੀਤੇ ਹੋਏ ਧਾਰਮਿਕ ਕਰਮ-ਕ੍ਰਿਆ ਜਾਂ ਕਰਮ-ਕਾਂਡ ਸਾਡੇ :—

| | | |
|---|---|---|
| ਜਤਨ ਹਨ | — | ਨਤੀਜਾ ਨਹੀਂ |
| ਸਾਧਨ ਹਨ | — | ਪੂਰਨਤਾ ਨਹੀਂ |
| ਯਾਤਰਾ ਹੈ | — | ਮੰਜ਼ਿਲ ਨਹੀਂ |
| ਗਿਆਨ ਹੈ | — | ਪ੍ਰਕਾਸ਼ ਨਹੀਂ |
| ਘਾਲਣਾ ਹੈ | — | ਗੁਰਪ੍ਰਸਾਦਿ ਨਹੀਂ |
| ਪੌੜੀ ਹੈ | — | ਸਿਖਰ ਨਹੀਂ |
| ਕਲਾਸਾਂ ਹਨ | — | ਡਿਗਰੀ ਨਹੀਂ |
| ਕ੍ਰਿਆ ਹੈ | — | ਨਤੀਜਾ ਨਹੀਂ |
| ਫਲ ਹੈ | — | ਰਸ ਨਹੀਂ |
| ਫੁੱਲ ਹੈ | — | ਮਹਿਕ ਨਹੀਂ |
| ਬਲਬ ਹੈ | — | ਰੋਸ਼ਨੀ ਨਹੀਂ । |

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥ (ਪੰਨਾ-604)

ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ (ਪੰਨਾ-947)

ਪਰ ਅਸੀਂ ਅਪਣੀ ਹਉਮੈ ਅਧੀਨ ਮਾਇਕੀ ਕ੍ਰਿਸ਼ਮਿਆਂ ਵਿਚ ਇਤਨੇ ਚੁੰਧਿਆਏ ਹੋਏ ਹਾਂ ਕਿ ਫਲ ਦਾਤਾ ਪਰਮੇਸ਼ਰ ਨੂੰ ਉੱਕਾ ਹੀ ਭੁੱਲ ਗਏ ਹਾਂ ਤੇ ਆਪਣੇ ਹਉਂ ਅਧੀਨ ਕੀਤੇ ਗਏ 'ਜਤਨਾਂ' ਨੂੰ ਹੀ 'ਫਲ' ਸਮਝੀ ਬੈਠੇ ਹਾਂ ।

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥
ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥
ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥ (ਪੰਨਾ-1247)

ਅਸਲ ਵਿਚ ਇਹ ਫਲ ਆਤਮਿਕ ਦਾਤ ਹੈ, ਜੋ ਧੁਰੋਂ ਸਤਿਗੁਰੂ ਦੁਆਰਾ ਪ੍ਰਦਾਨ ਹੁੰਦੀ ਹੈ। ਇਸ ਵਿਚ ਸਾਡੇ ਹਉਂਧਾਰੀ ਜੀਵਾਂ ਦਾ ਕੋਈ ਦਖਲ ਅਥਵਾ ਜ਼ੋਰ ਨਹੀਂ। ਇਹ ਤਾਂ ਸਿਰਫ਼ ਗੁਰਪ੍ਰਸਾਦਿ (Grace) ਹੈ ।

ਜੋਰੁ ਨ ਮੰਗਣਿ ਦੇਣਿ ਨ ਜੋਰੁ ॥ (ਪੰਨਾ-7)

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥ (ਪੰਨਾ-9)

ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥ (ਪੰਨਾ-33)

ਜਦ ਮਾਂ-ਬਾਪ ਦੇ ਘਰ ਬੱਚੇ ਦਾ ਜਨਮ ਹੁੰਦਾ ਹੈ ਤਾਂ ਮਾਂ-ਬਾਪ ਆਪਣੇ ਬੱਚੇ ਦਾ ਪਾਲਣ-ਪੋਸ਼ਣ, ਖੁਸ਼ਹਾਲੀ, ਵਿਦਿਆ, ਵਿਆਹ, ਰੋਜ਼ਗਾਰ ਆਦਿ ਦੀਆਂ ਵਿਉਂਤਾਂ ਸੋਚਣਾ ਸ਼ੁਰੂ ਕਰ ਦਿੰਦੇ ਹਨ ਤੇ ਸਾਰੀ ਉਮਰ ਉਸ ਲਈ 'ਸ਼ੁਭ-ਇਛਾਵਾਂ' ਤੇ ਅਸੀਸਾਂ ਹੀ ਦਿੰਦੇ ਰਹਿੰਦੇ ਹਨ । ਦੇਖਿਆ ਗਿਆ ਹੈ ਕਿ ਜਨਮ ਤੋਂ ਪਹਿਲਾਂ ਹੀ ਮਾਂ ਬੱਚੇ ਲਈ ਦੁੱਧ ਵਾਲੀ ਬੋਤਲ (feeding bottle) ਤੇ ਪੋਤੜੇ (napkins) ਆਦਿ ਤਿਆਰ ਕਰ ਲੈਂਦੀ ਹੈ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਮਾਂ ਦੀ ਕੁੱਖ ਵਿਚ ਬੱਚੇ ਦੇ ਨਿੰਮਣ (conception) ਨਾਲ ਹੀ ਉਸ ਦੀ ਭਲਾਈ ਦੀ ਸੋਚ ਜਾਂ ਫ਼ਿਕਰ ਮਾਂ ਦੇ ਹਿਰਦੇ ਵਿਚ 'ਉਪਜ' ਪੈਂਦਾ ਹੈ । ਇਸ ਦਾ ਮਤਲਬ ਇਹ ਹੈ ਕਿ ਜੀਵ ਦੇ 'ਉਪਜਣ' ਦੇ ਨਾਲ ਹੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਜੀਵ ਦੀ 'ਭਲਾਈ' ਲਈ ਸਾਰੇ ਪ੍ਰਬੰਧ ਅਗੇਤਰੇ ਹੀ ਆਰੰਭ ਹੋ ਜਾਂਦੇ ਹਨ । ਇਸ ਤਰ੍ਹਾਂ 'ਲਿਖਿਆ ਨਾਲ' (in laid) ਵਾਲਾ 'ਹੁਕਮ' ਜੀਵ ਦੇ ਜਨਮ, ਪਾਲਣ-ਪੋਸ਼ਣ ਤੇ ਭਲਾਈ ਲਈ (creation, development and sustenance) ਸੰਪੂਰਨ, ਅਭੁੱਲ ਤੇ ਸਹਿਜੇ ਹੀ ਵਰਤ ਰਿਹਾ ਹੈ ।

ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥

ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ ॥
ਬਿਰਧਿ ਭਇਆ ਊਪਰਿ ਸਾਕ ਸੈਨ ॥
ਮੁਖਿ ਅਪਿਆਉ ਬੈਠ ਕਉ ਦੈਨ ॥ (ਪੰਨਾ–266)

ਜਿਸ ਤਰ੍ਹਾਂ ਕਿ ਬੂਟੇ ਦੇ ਬੀਜ ਵਿਚ ਉਸਦੇ ਉਪਜਣ, ਪ੍ਰਫੁਲਤ ਤੇ ਲੈ ਹੋਣ ਦਾ ਮੁਕੰਮਲ 'ਹੁਕਮ'—ਉਸ ਦੇ ਅੰਤਰ ਹੀ 'ਨਾਲ ਲਿਖਿਆ' ਹੁੰਦਾ ਹੈ ।

ਇਹ 'ਲਿਖਿਆ ਨਾਲ', ਵਾਲਾ 'ਹੁਕਮ' ਜੀਵ ਦੇ ਦੁਨਿਆਵੀ ਜੀਵਨ ਦੀ ਖੁਸ਼ਹਾਲੀ ਲਈ ਹੀ ਕਾਫੀ ਨਹੀਂ ਬਲਕਿ ਉਸਦੇ ਆਤਮਿਕ ਜੀਵਨ ਲਈ ਭੀ ਸਹਾਇਕ ਹੈ ਤੇ ਜੀਵਨ ਨੂੰ ਮੁੜ ਆਪਣੇ 'ਨਿਜ ਘਰ' ਵਲ ਪ੍ਰੇਰਦਾ ਤੇ ਅਗਵਾਈ ਕਰਦਾ ਹੈ, ਜਿਸ ਦੁਆਰਾ ਉਹ ਇਸ 'ਨਾਲ ਲਿਖੇ ਹੁਕਮ' ਨੂੰ ਬੁੱਝ ਕੇ ਇਸ ਦੀ 'ਰਜ਼ਾ' ਵਿਚ ਚਲਣਾ ਸਿੱਖ ਲਵੇ ।

ਜੇਕਰ 'ਜੀਵ' ਦੁਨੀਆਂ ਵਿਚ ਦੁਖ–ਕਲੇਸ਼ ਭੋਗਦਾ ਹੈ ਤਾਂ ਇਸ ਦਾ ਕਾਰਣ ਏਹੀ ਹੈ ਕਿ ਉਹ ਆਪਣੇ ਇਲਾਹੀ ਮਾਤਾ–ਪਿਤਾ ਪਰਮੇਸ਼ਰ ਨੂੰ 'ਭੁੱਲ' ਗਿਆ ਹੈ ਤੇ 'ਨਾਲ ਲਿਖੇ' 'ਹੁਕਮ' ਦੀ ਰਜ਼ਾ ਵਿਚੋਂ ਨਿਕਲ ਕੇ ਆਪਣੀ 'ਹਉ' ਦੇ ਆਸਰੇ ਆਪਣੀ ਸਿਆਣਪ ਦੁਆਰਾ ਆਪਣੇ ਹੀ ਭਾਣੇ ਵਿਚ ਚਲਦਾ ਹੈ ।

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (ਪੰਨਾ–601)

ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ
ਅੰਧਾ ਅੰਧੁ ਕਮਾਈ ॥ (ਪੰਨਾ–1287)

ਜ਼ਰੂਰੀ ਨੁਕਤਾ ਇਹ ਹੈ ਕਿ ਇਹ 'ਲਿਖਿਆ ਨਾਲ ਹੁਕਮ' ਹਰ ਜੀਵ ਲਈ—

ਜੀਵਨ ਸੇਧ ਹੈ
ਨਿਜੀ ਧਰਮ ਹੈ
ਮੁਕੰਮਲ ਇਲਾਹੀ ਕਾਨੂੰਨ ਹੈ
ਲੋਕ ਸੁਖੀਆ ਹੈ
ਪ੍ਰਲੋਕ ਸੁਹੇਲਾ ਹੈ
ਅੰਤਰ–ਆਤਮੇ ਬੀਜ ਹੈ
ਅੰਦਰੋਂ ਹੀ ਉਪਜਿਆ ਹੈ
ਓਤ ਪੋਤ ਸਮਾਇਆ ਹੈ
ਰਵਿ ਰਹਿਆ ਭਰਪੂਰ ਹੈ

ਬਾਹਰਲੇ ਧਰਮਾਂ ਤੋਂ ਆਜ਼ਾਦ ਹੈ
ਕਰਮ–ਕਾਂਡਾਂ ਤੋਂ ਪਰੇ ਹੈ
ਬੁੱਧੀ ਦੀ ਪਕੜ ਤੋਂ ਪਰੇ ਹੈ
ਬਖ਼ਸ਼ਿਸ਼ ਹੈ
ਗੁਰਪ੍ਰਸਾਦਿ ਹੈ
ਅਬੁੱਝ ਹੈ
ਅਪਾਰ ਹੈ
ਅਭੁੱਲ ਹੈ ।

ਉਦਾਹਰਣ ਦੇ ਤੌਰ ਤੇ ਸਾਰੀ ਬਨਸਪਤੀ ਦੇ ਬੀਜਾਂ ਦੇ ਅੰਤਰ, 'ਨਾਲ ਲਿਖੇ ਹੁਕਮ' ਅਨੁਸਾਰ ਹਰ ਇਕ ਬੂਟਾ ਉਗਦਾ, ਵੱਧਦਾ, ਫੁਲਦਾ ਤੇ ਫਲ ਦਿੰਦਾ ਹੈ, ਪਰ ਇਨ੍ਹਾਂ ਦੀਆਂ ਟਾਹਣੀਆਂ, ਪੱਤਿਆਂ ਅਤੇ ਫਲਾਂ ਦੇ ਕਦ, ਰੰਗ, ਸੁਆਦ ਤੇ ਉਮਰ ਵਿਚ ਭਿੰਨਤਾ ਹੈ ।

ਇਸ ਤਰ੍ਹਾਂ ਬਨਸਪਤੀ ਜਾਂ ਹੋਰ ਚੌਰਾਸੀ ਲੱਖ ਜੂਨਾਂ ਦੇ ਜੀਵਾਂ ਵਿਚ ਸੀਮਤ ਬੁੱਧੀ ਹੋਣ ਕਾਰਣ ਉਹ ਆਪਣੀ ਸਿਆਣਪ ਜਾਂ ਉਕਤੀਆਂ–ਜੁਗਤੀਆਂ ਨਹੀਂ ਵਰਤ ਸਕਦੇ । ਇਸ ਲਈ ਉਹ ਆਪਣੇ ਨਾਲ ਲਿਖੇ 'ਹੁਕਮ' ਵਿਚ ਸਹਿਜੇ ਅਤੇ ਅਣਜਾਣੇ ਹੀ (unconsciously) ਵਿਚਰਦੇ ਤੇ ਵਰਤਦੇ ਹਨ ।

ਚੌਰਾਸੀ ਲੱਖ ਜੂਨਾਂ ਆਪੋ–ਆਪਣੇ 'ਨਾਲ ਲਿਖੇ ਹੁਕਮ ਦੀ ਰਜ਼ਾ' ਵਿਚ ਚਲਦੇ ਹੋਏ ਅਭੋਲ ਹੀ ਆਪਣੇ ਕੇਂਦਰ 'ਪਰਮੇਸਰ' ਵਲ ਸਰਕਦੇ ਹੋਏ ਆਪਣਾ ਜੀਵਨ ਪੰਧ ਮੁਕਾ ਰਹੀਆਂ ਹਨ, ਤੇ ਉਹਨਾਂ ਦੀ ਆਤਮਿਕ ਤਰੱਕੀ ਸਹਿਜੇ ਹੀ ਹੋ ਰਹੀ ਹੈ (spontaneous evolution of souls)। ਇਹੋ ਹੀ ਉਹਨਾਂ ਦਾ ਅੰਤਰ ਮੁਖੀ 'ਨਾਲ ਲਿਖਿਆ ਨਿਜੀ ਧਰਮ' ਹੈ, ਉਹਨਾਂ ਦੇ ਕਲਿਆਣ ਲਈ ਕਿਸੇ ਬਾਹਰਲੇ ਧਰਮ ਜਾਂ ਮਜ਼ਹਬ ਦੀ ਲੋੜ ਨਹੀਂ, ਤੇ ਨਾ ਹੀ ਕਿਸੇ ਪ੍ਰਚਾਰ ਦੀ । ਇਹ ਜੂਨਾਂ 'ਹੁਕਮ ਰਜਾਈ ਚਲਣਾ' ਅਨੁਸਾਰ ਇਲਾਹੀ, ਅਦ੍ਰਿਸ਼ਟ, ਅਟੱਲ, ਅਭੁੱਲ, ਆਪੋ–ਆਪਣਾ 'ਨਿਜੀ ਧਰਮ' ਅਣਜਾਣੇ (unconsciously) ਹੀ ਕਮਾ ਰਹੀਆਂ ਹਨ ।

ਇਹ ਜੂਨਾਂ, ਨਾ ਹਿੰਦੂ, ਨਾ ਮੁਸਲਮਾਨ, ਨਾ ਈਸਾਈ ਅਤੇ ਨਾ ਮੂਸਾਈ ਹਨ। ਸਿਰਫ਼ ਆਪਣੇ ਕਰਤੇ ਦੇ ਬਖਸ਼ੇ ਹੋਏ ਚਿੰਨ੍ਹਾਂ ਵਿਚ ਆਪੋ–ਆਪਣਾ 'ਨਿਜੀ ਧਰਮ' ਅਥਵਾ 'ਹੁਕਮ' ਅਭੋਲ ਹੀ ਕਮਾ ਰਹੀਆਂ ਹਨ ।

ਇਨਸਾਨ ਅਪਣੀ ਤੀਖਣ ਬੁੱਧੀ ਦੁਆਰਾ 'ਮਨਮੋਹਣੀ' ਮਾਇਆ ਦੀ ਖੋਜ ਅਤੇ ਕ੍ਰਿਸ਼ਮਿਆਂ ਦੇ ਰੰਗ–ਰਸ ਵਿਚ ਹੀ ਇੰਨਾ ਗਲਤਾਨ ਹੋ ਗਿਆ ਹੈ ਕਿ ਆਪਣੇ ਕਰਤੇ

'ਪਰਮੇਸਰ' ਤੇ ਉਸਦੇ ਨਾਲ ਲਿਖੇ 'ਹੁਕਮ' ਨੂੰ ਉੱਕਾ ਹੀ ਭੁਲ ਗਿਆ ਹੈ ।

'ਹੁਕਮ ਰਜਾਈ ਚਲਣਾ' ਦੀ ਬਜਾਏ 'ਜੀਵ' ਅਪਣੀ ਤੀਖਣ ਬੁੱਧੀ ਤੇ 'ਮਾਨਸਿਕ ਆਜ਼ਾਦੀ' ਦੀ ਗਲਤ ਅਤੇ ਨਾਜਾਇਜ਼ ਵਰਤੋਂ ਕਰ ਰਿਹਾ ਹੈ, ਜਿਸ ਕਾਰਣ ਇਹ ਜੀਵ ਤ੍ਰੈ-ਗੁਣਾਂ ਦੇ ਕਾਨੂੰਨ 'ਜੋ ਮੈ ਕੀਆ ਸੋ ਮੈ ਪਾਇਆ' (Law of Karma) ਅਨੁਸਾਰ ਆਪਣਾ ਕੀਤਾ ਆਪ ਭੁਗਤਦਾ ਰਹਿੰਦਾ ਹੈ ਅਤੇ ਇਸਦਾ ਦੋਸ਼ 'ਰੱਬ' ਜਾਂ ਦੂਜਿਆਂ ਤੇ ਲਾਉਂਦਾ ਹੈ । ਇਸ ਤਰ੍ਹਾਂ ਉਹ ਅਪਣੇ ਆਪ ਨੂੰ ਧੋਖਾ ਦਿੰਦਾ ਹੈ ਤੇ ਰਸਾਤਲ ਵਲ ਰੁੜ੍ਹਿਆ ਜਾਂਦਾ ਹੈ ।

ਇਨਸਾਨ ਆਪਣੇ 'ਪਰਮੇਸ਼ਰ' ਨੂੰ ਭੁੱਲ ਗਏ ਹਨ ਤੇ ਉਸ ਦੇ ਸੁਖਦਾਈ 'ਨਾਲ ਲਿਖੇ' 'ਹੁਕਮ' ਤੋਂ ਬੇਖ਼ਬਰ ਤੇ ਬੇਮੁਖ ਹੋ ਗਏ ਹਨ ਜਿਸ ਕਾਰਣ ਉਹਨਾਂ ਦੀ 'ਵਿਛੁੜਿ ਚੋਟਾ ਖਾਵੈ' ਵਾਲੀ ਦੁਰਗਤੀ ਹੋ ਰਹੀ ਹੈ ।

ਇਸੇ ਲਈ ਸਿਰਫ਼ ਇਨਸਾਨ ਦੀ ਜੂਨੀ ਨੂੰ ਹੀ—

1. ਆਤਮਿਕ 'ਮਾਤਾ-ਪਿਤਾ' ਪਰਮੇਸ਼ਰ ਦੀ ਹੋਂਦ ਦੀ ਯਾਦ ਦਿਲਾਉਣ ਲਈ,
2. 'ਹੁਕਮ ਰਜਾਈ ਚਲਣਾ' ਦਾ ਸਬਕ ਸਿਖਾਉਣ ਲਈ,
3. ਮੁੜ ਇਲਾਹੀ 'ਮਾਤਾ-ਪਿਤਾ' ਪਰਮੇਸ਼ਰ ਦੀ ਨਿੱਘੀ ਤੇ ਸੁਖਦਾਈ ਗੋਦ ਵਲ ਪ੍ਰੇਰਨ ਲਈ, ਲੋੜ ਅਨੁਸਾਰ ਸਮੇਂ-ਸਮੇਂ ਸਿਰ, ਭਿੰਨ-ਭਿੰਨ ਧਰਮ ਅਥਵਾ ਮਜ਼ਹਬ ਹੋਂਦ ਵਿਚ ਆਏ ।

ਇਸ ਤਰ੍ਹਾਂ ਅਕਾਲ ਪੁਰਖ ਨੇ ਆਦਿ ਤੋਂ ਹੀ ਸਮੇਂ-ਸਮੇਂ ਸਿਰ ਗੁਰੂ, ਅਵਤਾਰ, ਸਾਧ, ਸੰਤ, ਮਹਾਂਪੁਰਖ, ਗੁਰਮੁਖ-ਪਿਆਰੇ ਦੁਨੀਆ ਉਤੇ ਪ੍ਰਗਟ ਕੀਤੇ ਜਿਨ੍ਹਾਂ ਨੇ ਸਮੇਂ ਅਨੁਸਾਰ ਆਪੋ-ਆਪਣੇ ਧਰਮ ਚਲਾਏ ਤੇ ਮਾਨਵਤਾ ਨੂੰ 'ਧਾਰਮਿਕ ਜੀਵਨ' ਦੀ ਸੇਧ ਦਿੱਤੀ । ਇਹ ਸਾਰੀ ਇਲਾਹੀ ਖੇਲ (Divine Scheme) ਵਿਚ ਅਕਾਲ ਪੁਰਖ ਦਾ, ਅਪਣੀ 'ਅੰਸ' 'ਜੀਵਾਂ' ਲਈ ਸ਼ੁਭ ਭਾਵਨਾ ਤੇ ਅਥਾਹ ਪਿਆਰ ਦਾ ਪ੍ਰਗਟਾਵਾ ਹੀ ਹੈ ।

ਅੰਧ ਕੂਪ ਤੇ ਕਾਢਨਹਾਰਾ ॥<br>
ਪ੍ਰੇਮ ਭਗਤਿ ਹੋਵਤ ਨਿਸਤਾਰਾ ॥<br>
ਸਾਧ ਰੂਪ ਅਪਨਾ ਤਨੁ ਧਾਰਿਆ ॥<br>
ਮਹਾ ਅਗਨਿ ਤੇ ਆਪਿ ਉਬਾਰਿਆ ॥ (ਪੰਨਾ-1005)

ਪਰੰਤੂ ਇਹ ਬਾਹਰਲਾ ਕਰਮ-ਕਾਂਡਾਂ ਵਾਲਾ ਧਰਮ ਬਾਹਰੋਂ ਮਨ, ਬੁੱਧੀ ਅਤੇ ਸਰੀਰ ਦੁਆਰਾ ਹੀ—

ਸਿਖਿਆ—ਸਿਖਾਇਆ

ਸਮਝਿਆ—ਸਮਝਾਇਆ

ਪੜ੍ਹਿਆ—ਪੜ੍ਹਾਇਆ

ਧਾਰਿਆ

ਕਮਾਇਆ ਅਤੇ

ਘਾਲਿਆ

ਜਾਂਦਾ ਹੈ, ਜੋ ਕਿ ਜੀਵਾਂ ਨੂੰ ਤ੍ਰੈ-ਗੁਣਾਂ ਦੀ ਮਾਇਆ ਦੇ ਦਾਇਰੇ ਦੀ 'ਸੀਮਾਂ' ਤਾਈਂ ਹੀ ਪੁਚਾ ਸਕਦਾ ਹੈ ।

ਉਪਰਲੇ ਸਾਰੇ ਵਿਚਾਰ ਸਿਰਫ਼ 'ਕਰਉ ਜਤਨ' ਤਾਈਂ ਸੀਮਤ ਹਨ ।

ਹੁਣ ਆਪਾਂ 'ਹੋਇ ਮਿਹਰਵਾਨਾ' ਦੀ ਬਾਬਤ ਖੋਲ ਕੇ ਵਿਚਾਰ ਕਰੀਏ ।

'ਹੋਇ ਮਿਹਰਵਾਨਾ' ਦੀ ਖੇਲ ਨਿਰਾਲੀ ਹੈ—ਜੋ ਕਿ ਨਿਰੋਲ ਇਲਾਹੀ ਬਖਸ਼ਿਸ਼, ਗੁਰਪ੍ਰਸਾਦਿ, ਨਦਰ ਕਰਮ (Divine Grace) ਹੈ ।

ਉਪਰ ਦਸਿਆ ਜਾ ਚੁਕਿਆ ਹੈ ਕਿ ਮਾਂ ਦੀ ਕੁੱਖ ਵਿਚ ਬੱਚੇ ਦੇ ਨਿੰਮਣ (conception) ਨਾਲ ਹੀ ਮਾਂ ਦੇ ਹਿਰਦੇ ਵਿਚ ਆਉਣ ਵਾਲੇ ਬੱਚੇ ਦੀ ਭਲਾਈ, ਪਾਲਣ-ਪੋਸ਼ਣ ਤੇ ਪ੍ਰਫੁਲਤਾ ਲਈ ਅਨੇਕਾਂ ਸੋਚਾਂ-ਵਿਚਾਰਾਂ ਤੇ ਵਿਉਂਤਾਂ ਅਗੇਤਰੇ ਹੀ ਸ਼ੁਰੂ ਹੋ ਜਾਂਦੀਆਂ ਹਨ ।

ਏਸੇ ਤਰ੍ਹਾਂ ਅਸੀਂ ਪਰਮੇਸ਼ਰ ਦੀ 'ਅੰਸ਼' ਹੋਣ ਕਰਕੇ, ਸਾਡੀ 'ਇਲਾਹੀ ਮਾਤਾ' ਅਥਵਾ 'ਪਰਮੇਸ਼ਰ' ਨੇ ਜਦ ਇਹ ਸਾਰਾ ਸੰਸਾਰ ਆਪਣੀ ਮੌਜ ਵਿਚ 'ਕਵਾਉ' ਦੁਆਰਾ ਰਚਿਆ, ਤਾਂ ਉਸਦੇ ਨਾਲ ਹੀ ਸੰਸਾਰ ਦੇ ਜੀਵਾਂ ਦੀ ਭਲਾਈ, ਪਾਲਣ ਪੋਸ਼ਣ ਤੇ ਪ੍ਰਫੁਲਤਾ ਲਈ ਪੂਰਨ, ਮੁਕੰਮਲ, ਅਭੁੱਲ ਤੇ ਸਦੀਵੀ ਇਲਾਹੀ 'ਹੁਕਮ' ਜਾਰੀ ਕਰ ਦਿਤਾ ।

ਇਹੋ ਜਿਹੇ ਸੁਖਦਾਈ ਅਤੇ ਕਲਿਆਣਕਾਰੀ 'ਇਲਾਹੀ ਹੁਕਮ' ਵਿਚ ਸਿਵਾਏ ਇਨਸਾਨੀ ਜੂਨ ਦੇ, ਬਾਕੀ ਸਾਰੀਆਂ ਜੂਨਾਂ ਅਣਜਾਣੇ, ਅਭੋਲ, ਸਹਿਜ-ਸੁਭਾਇ ਹੀ ਵਿਚਰ ਰਹੀਆਂ ਹਨ ।

ਅਕਾਲ ਪੁਰਖ ਨੇ ਇਨਸਾਨੀ ਜੂਨ ਨੂੰ ਆਪਣੇ 'ਸਰੂਪ' (Own image) ਵਿਚ ਘੜਿਆ ਹੈ, ਤੇ ਇਸ ਨੂੰ ਸਵੈ ਚਿੰਤਨ (freedom of thoughts) ਦੀ ਸ਼ਕਤੀ ਬਖਸ਼ੀ ਹੈ ਤੇ ਤੀਖਣ

ਬੁੱਧੀ (profound intelligence) ਪ੍ਰਦਾਨ ਕੀਤੀ ਹੈ ।

'ਹਉਮੈ ਵੇੜ੍ਹਿਆ' ਇਨਸਾਨ, ਮਾਇਆ ਦੇ ਮਨਮੋਹਣੇ ਚਮਤਕਾਰਿਆਂ ਵਿਚ ਗਲਤਾਨ ਹੋ ਕੇ ਪਰਮੇਸ਼ਰ ਦੀਆਂ ਇਨ੍ਹਾਂ ਵਡਮੁੱਲੀਆਂ ਦਾਤਾਂ 'ਸਵੈ ਚਿੰਤਨ' ਤੇ 'ਤੀਖਣ ਬੁੱਧੀ' ਦੀਆਂ ਸ਼ਕਤੀਆਂ ਦੀ ਗਲਤ ਤੇ ਉਲਟ ਵਰਤੋਂ (mis-use) ਕਰਕੇ, ਅਕਾਲ ਪੁਰਖ ਦੇ ਸੁਖਦਾਈ ਹੁਕਮ ਤੇ 'ਨਿੱਘੀ ਗੋਦ' ਤੋਂ ਆਪਣੇ ਆਪ ਨੂੰ ਵਾਂਝੇ ਰਖਦਾ ਹੈ ਤੇ ਉਹ "ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ" ਅਨੁਸਾਰ ਦੁਖ ਭੋਗ ਰਿਹਾ ਹੈ ।

ਜਦ ਕਿਸੇ ਦਾ ਬੱਚਾ ਗਵਾਚ ਜਾਏ ਤਾਂ ਮਾਂ-ਬਾਪ ਬੱਚੇ ਲਈ ਮੋਹ-ਮਮਤਾ ਵਿਚ ਦੁਖੀ ਹੋ ਕੇ ਤੜਪਦੇ ਹਨ ਤੇ ਬੱਚੇ ਦੀ ਖੋਜ ਲਈ ਅਖ਼ਬਾਰਾਂ ਤੇ ਰੇਡੀਓ (radio) ਵਿਚ ਐਲਾਨ ਕਰਦੇ ਹਨ ਕਿ ਜੇ ਕੋਈ ਉਹਨਾਂ ਦੇ ਬੱਚੇ ਦੀ ਖ਼ਬਰ ਦੇਵੇ ਯਾ ਲੱਭ ਦੇਵੇ ਤਾਂ ਉਸ ਨੂੰ ਸ਼ੁਕਰਾਨਾ ਦਿਤਾ ਜਾਵੇਗਾ ।

ਇਸੇ ਤਰ੍ਹਾਂ ਜਦ ਕੋਈ 'ਜੀਵ' ਮਾਇਆ ਦੇ ਭਰਮ ਕਾਰਣ, ਆਪਣੇ ਕਰਤਾ ਅਕਾਲ-ਪੁਰਖ ਨੂੰ 'ਭੁਲ' ਕੇ ਬੇਮੁਖ ਹੋ ਜਾਵੇ, ਤਾਂ 'ਸਦ ਬਖਸਿੰਦ ਸਦਾ ਮਿਹਰਵਾਨਾ' ਅਕਾਲ ਪੁਰਖ ਨੂੰ ਅਪਣੇ ਭੁੱਲੇ ਹੋਇ ਬੱਚਿਆਂ (prodigal sons) ਲਈ ਦੁਖ ਹੁੰਦਾ ਹੈ। ਇਸੇ ਲਈ ਐਸੇ ਬੇਅੰਤ ਮਾਇਆ ਵਿਚ ਗਵਾਚੇ ਜੀਵਾਂ ਨੂੰ ਮਾਇਕੀ 'ਭਉਜਲ ਬਿਖਮ ਅਸਗਾਹੁ' ਵਿਚੋਂ ਕੱਢ ਕੇ ਮੁੜ ਅਪਣੇ 'ਨਿਜ ਘਰ' ਵਲ ਪ੍ਰੇਰਨ ਲਈ ਸਮੇਂ-ਸਮੇਂ ਸਿਰ, ਗੁਰੂ, ਅਵਤਾਰ, ਸਾਧ, ਸੰਤ, ਹਰਿਜਨ, ਗੁਰਮੁਖ ਪਿਆਰੇ ਜਗ ਵਿਚ ਭੇਜੇ, ਜਿਨ੍ਹਾਂ ਨੇ ਸਮੇ ਂ-ਸਮੇਂ ਅਨੁਸਾਰ ਭਿੰਨ-ਭਿੰਨ ਧਰਮ, ਮਜ਼ਹਬ ਚਲਾਏ ਅਤੇ ਆਪੋ-ਆਪਣੀਆਂ ਬਾਣੀਆਂ, ਸਾਡੀ ਪ੍ਰੇਰਨਾ ਤੇ ਅਗਵਾਈ ਲਈ ਛੱਡ ਗਏ ।

ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ
ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥ (ਪੰਨਾ-96)

ਤੁਮ ਘਰਿ ਆਵਹੁ ਮੇਰੇ ਮੀਤ ॥
ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ (ਪੰਨਾ-678)

ਜਗਤੁ ਉਧਾਰਨ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ ॥ (ਪੰਨਾ-373)

ਜਗਤ ਉਧਾਰਨ ਸਾਧ ਪ੍ਰਭ ਤਿਨ੍ਹ ਲਾਗਹੁ ਪਾਲ ॥ (ਪੰਨਾ-811)

ਜੇਕਰ ਭੁੱਲੇ ਹੋਏ 'ਜੀਵ', ਅਥਵਾ ਜਗਿਆਸੂਆਂ ਨੂੰ ਆਪਣੇ ਸੁਖਦਾਈ ਆਤਮਿਕ

'ਨਿਜਘਰ' ਵਲ ਰੁਖ ਕਰਨ ਵਿਚ ਕੋਈ ਸਹਾਈ ਹੋਵੇ ਤਾਂ ਉਸ ਸਹਾਇਕ ਗੁਰਮੁਖ ਪਿਆਰੇ ਉਤੇ ਭੀ ਸਤਿਗੁਰੂ ਦੀ ਬਖਸ਼ਿਸ਼ ਹੁੰਦੀ ਹੈ ।

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (ਪੰਨਾ-306)

ਹਉ ਸਦਕੇ ਤਿਨ੍ਹਾਂ ਗੁਰਸਿਖਾਂ
ਗੁਰ ਸਿਖ ਦੇ ਗੁਰਸਿਖ ਮਿਲਾਇਆ । (ਵਾ. ਭਾ. ਗੁ. 12/6)

ਗੁਰੂ ਨਾਨਕ ਦੇਵ ਜੀ ਨੇ ਗੁਰਸਿਖਾ ਦੇ ਕਲਿਆਣ ਲਈ 1● ਜਾਮੇ ਧਾਰਨ ਕੀਤੇ ਅਤੇ ਅਪਣੀ ਬਖਸ਼ਿਸ਼ ਦੁਆਰਾ ਸਾਨੂੰ 'ਗੁਰਬਾਣੀ' ਦੇ ਲੜ ਲਾਇਆ । ਇਹ ਜੋ ਗੁਰਬਾਣੀ ਦਾ ਪਾਠ, ਕੀਰਤਨ ਅਤੇ ਕਥਾ ਦੁਆਰਾ ਪ੍ਰਚਾਰ ਹੋ ਰਿਹਾ ਹੈ, ਇਹ ਸਭ ਭੁਲੇ ਹੋਏ ਅਥਵਾ ਬੇਮੁਖ ਹੋਏ ਜੀਵਾਂ ਦੇ ਕਲਿਆਣ ਹਿਤ ਸਤਿਗੁਰੂ ਦੀ ਮਿਹਰ, ਬਖਸ਼ਿਸ਼ (grace) ਹੈ । ਅੱਜ ਦੇ ਵਿਗਿਆਨਕ (scientific) ਜ਼ਮਾਨੇ ਵਿਚ ਇਹ ਗੁਰਬਾਣੀ ਦੀ ਦਾਤ ਰੇਡੀਓ (radio), ਟੈਲੀਵੀਜ਼ਨ (T.V.), ਟੇਪ ਰਿਕਾਰਡਰ (tape recorder) ਅਤੇ ਸਪੀਕਰ (speaker) ਦੁਆਰਾ ਘਰ ਬੈਠਿਆਂ, ਤੁਰਦਿਆਂ-ਫਿਰਦਿਆਂ ਅਤੇ ਸੁਤਿਆਂ ਵੀ ਸਹਿਜੇ ਹੀ ਵੰਡੀ ਜਾ ਰਹੀ ਹੈ ।

ਪਰ, ਬਾਵਜੂਦ ਇੰਨ੍ਹੀਆਂ ਸਹੂਲਤਾਂ ਦੇ ਅਸੀਂ ਇਹਨਾਂ ਇਲਾਹੀ ਬਖਸ਼ਿਸ਼ਾਂ ਦਾ ਪੂਰਾ ਲਾਭ ਨਹੀਂ ਲੈ ਰਹੇ ਬਲਕਿ ਅਣਗਹਿਲੀ, ਅਗਿਆਨਤਾ ਅਥਵਾ ਮਾਇਕੀ ਭਰਮ ਵਿਚ ਗਲਤ ਵਰਤੋਂ (mis-use) ਕਰਦੇ ਹਾਂ । ਜਿਸ ਕਾਰਣ ਸਾਡਾ ਜੀਵਨ ਹੋਰ ਭੀ ਨਿੱਘਰਦਾ ਜਾਂਦਾ ਹੈ । ਇਸ ਦਾ ਕਾਰਣ ਸਪਸ਼ਟ ਹੈ ਕਿ ਪਰਮਾਰਥ ਜਾਂ ਧਰਮ ਵਲ ਰੁਚੀ ਜਾਂ ਸਾਡਾ ਜਤਨ (approach)—

ਗਲਤ (misguided)
ਓਪਰਾ (superfluous)
ਅਪੂਰਨ (imperfect)

ਹੈ ।

ਦੂਜੇ ਲਫ਼ਜ਼ਾਂ ਵਿਚ ਪਰਮਾਰਥ ਦੇ ਰਾਹ ਵਿਚ ਜੇ ਕੋਈ ਨੁਕਸ-ਢਿੱਲ-ਦੋਸ਼ ਹੁੰਦਾ ਹੈ ਤਾਂ ਉਸ ਵਿਚ ਸਤਿਗੁਰੂ ਦੇ ਹੁਕਮ 'ਕਰਹੁ ਜਤਨ' ਦੀ ਕਮਾਈ ਯਾ ਘਾਲਣਾ ਵਿਚ ਹੀ

‘ਕਮੀ’ ਹੋ ਸਕਦੀ ਹੈ । ਸਤਿਗੁਰੂ ਦੀ ਬਖਸ਼ਿਸ਼ ਤਾਂ, ਧੁੱਪ ਦੀ ਤਰ੍ਹਾਂ, ਸਦ ਬਖਸਿੰਦ, ਸਦਾ ਮਿਹਰਵਾਨ, ਅਭੁੱਲ, ਅਮਿਤ, ਸਦੀਵੀ ਅਤੇ ਇਕਸਾਰ ਵਰਤ ਰਹੀ ਹੈ ।

ਸਦਾ ਸਦਾ ਸਦਾ ਦਇਆਲ ॥ (ਪੰਨਾ-275)

ਸਾਚਾ ਸਾਹਿਬੁ ਸਦ ਮਿਹਰਵਾਣ ॥ (ਪੰਨਾ-619)

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ (ਪੰਨਾ-713)

ਗੁਰੁ ਦਇਆਲੁ ਸਦਾ ਬਖਸਿੰਦਾ ॥ (ਪੰਨਾ-1074)

ਨਾਨਕ ਪ੍ਰੀਤਮ ਕ੍ਰਿਪਾਲ ਸਦਹੂੰ ਕਿਨੈ ਕੋਟਿ ਮਧੇ ਜਾਤੇ ॥ (ਪੰਨਾ-1278)

ਸਾਡਾ ‘ਜਤਨ’ ਤਾਂ ਸਤਿਗੁਰੂ ਦੀ ਹਜ਼ੂਰੀ ਵਿਚ ਪੂਰਨ ਸ਼ਰਧਾ ਭਾਵਨੀ ਤੇ ਪਿਆਰ ਨਾਲ ਅਪਣੇ ਆਪ ਨੂੰ ‘ਪੇਸ਼ ਕਰਨਾ’ ਯਾ ‘ਚਰਨ-ਸ਼ਰਣ’ ਜਾਣਾ ਹੈ ।

ਦੂਜੇ ਪਾਸੇ ਸਤਿਗੁਰੂ ਆਪਣੀ ਅਪਾਰ ਬਖਸ਼ਿਸ਼ ਦੁਆਰਾ ਬੇਅੰਤ ਤੇ ਅਮਿੱਤ ਇਲਾਹੀ ਦਾਤਾਂ ਦੀ ਝੜੀ ਸਦਾ ਹੀ ਲਾਈ ਰਖਦੇ ਹਨ ।

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥ (ਪੰਨਾ-102)

ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥ (ਪੰਨਾ-150)

ਅਣਮੰਗਿਆ ਦਾਨੁ ਦੀਜੈ ਦਾਤੇ
ਤੇਰੀ ਭਗਤਿ ਭਰੇ ਭੰਡਾਰਾ ॥ (ਪੰਨਾ-437)

ਤੂੰ ਦਾਤਾ ਦਇਆਲੁ ਸਭੈ ਸਿਰਿ
ਅਹਿਨਿਸਿ ਦਾਤਿ ਸਮਾਰਿ ਕਰੇ ॥ (ਪੰਨਾ-1014)

ਸਤਿਗੁਰੁ ਮੇਰਾ ਸਦਾ ਹੈ ਦਾਤਾ ਜੋ ਇਛੈ ਸੋ ਫਲੁ ਪਾਏ ॥ (ਪੰਨਾ-1333)

ਪ੍ਰੀਤ-ਪ੍ਰੇਮ-ਪਿਆਰ ਅਕਾਲ ਪੁਰਖ ਦਾ ‘ਪ੍ਰਕਾਸ਼-ਰੂਪ’ ਹੈ । ਜਿਸ ਤਰ੍ਹਾਂ, ‘ਧੁਪ’ ਸੂਰਜ ਦੀ ਪ੍ਰਕਾਸ਼-ਰੂਪ ਹੈ । ਏਸੇ ਕਰਕੇ ਪਰਮੇਸ਼ਰ ਨੂੰ ‘ਅਤਿ ਪ੍ਰੀਤਮ’, ‘ਪ੍ਰੇਮ ਪੁਰਖ’, ‘ਪ੍ਰਿਅ’ ਆਦਿ ਲਫ਼ਜ਼ਾਂ ਨਾਲ ਬਾਣੀ ਵਿਚ ਸੰਬੋਧਨ ਕੀਤਾ ਗਿਆ ਹੈ ।

ਅਤਿ ਪ੍ਰੀਤਮ ਮਨ ਮੋਹਨਾ
ਘਟ ਸੋਹਨਾ ਪ੍ਰਾਨ ਅਧਾਰਾ ਰਾਮ ॥ (ਪੰਨਾ-542)

ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥ (ਪੰਨਾ-1306)

ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥ (ਪੰਨਾ-1364)

ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਅਸੀਂ 'ਜੀਵ' ਪਰਮੇਸ਼ਰ ਦੀ ਅੰਸ਼ ਹਾਂ ਤੇ ਸਾਡੇ ਵਿਚ ਇਲਾਹੀ ਪ੍ਰੀਤ, ਪ੍ਰੇਮ, ਪਿਆਰ ਦੀ 'ਚਿਣਗ' ਜਾਂ 'ਕਿਰਨ' ਪ੍ਰਵਿਰਤ ਹੈ।

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ (ਪੰਨਾ-871)

ਪ੍ਰੇਮ-ਪਿਆਰ ਦੇ ਪ੍ਰਗਟਾਵੇ ਅਥਵਾ ਵਰਤੋਂ ਦੁਆਰਾ ਹੀ ਪਿਆਰ ਦੀ ਪੂਰਨਤਾ (fulfilment) ਹੁੰਦੀ ਹੈ ।

ਏਸੇ ਲਈ ਪਰਮੇਸ਼ਰ ਨੇ ਆਪਣੇ ਅਥਾਹ ਪਿਆਰ ਦੀ ਪੂਰਨਤਾ ਲਈ ਇਹ ਸਾਰੀ ਰਚਨਾ ਰਚੀ ਹੈ ਤੇ ਉਸ ਵਿਚ ਅਪਣੇ ਇਲਾਹੀ ਪਿਆਰ ਦੀ 'ਚਿਣਗ' ਜਾਂ 'ਕਣੀ' ਰਖੀ ਹੈ, ਤਾਂ ਕਿ ਪਰਮੇਸ਼ਰ ਅਪਣੀ ਅੰਸ਼-ਜੀਵਾਂ ਨਾਲ ਪਿਆਰ ਕਰ ਸਕੇ, ਤੇ ਉਸਦੀ 'ਅੰਸ਼' ਆਪਣੀ 'ਇਲਾਹੀ ਮਾਂ' ਦੇ ਇਲਾਹੀ ਪਿਆਰ ਦਾ ਜਵਾਬ (response) ਦੇ ਸਕੇ ਤੇ ਇਸ ਤਰ੍ਹਾਂ ਇਲਾਹੀ ਪ੍ਰੀਤ, ਪ੍ਰੇਮ, ਪਿਆਰ ਦੀ ਪੂਰਨਤਾ ਨੂੰ ਛੋਹ ਸਕੇ ।

ਇਹੋ ਪਿਆਰ ਦੀ ਦੈਵੀ ਖਿੱਚ (Cosmic attraction) ਹੀ ਇਲਾਹੀ ਪ੍ਰੀਤ, ਪ੍ਰੇਮ, ਪਿਆਰ ਹੈ, ਜਿਸ ਨਾਲ ਕਾਇਨਾਤ ਦਾ ਜ਼ੱਰਾ-ਜ਼ੱਰਾ ਇਕ ਦੂਜੇ ਵਲ ਤੇ ਉਸ ਦੀ ਅੰਸ਼ ਆਪਣੀ 'ਇਲਾਹੀ ਮਾਂ' ਦੇ ਇਲਾਹੀ ਪਿਆਰ ਦੇ ਜਵਾਬ ਵਜੋਂ ਪਰਮੇਸ਼ਰ ਵਲ, ਕਿਸੇ ਸੂਖਮ, ਸਹਿਜ, ਅਦ੍ਰਿਸ਼ਟ, ਅਭੁੱਲ 'ਹੁਕਮ ਦੀ ਤਾਰ' (Divine pull) ਨਾਲ ਅਵੱਸ਼ ਤੇ ਸਹਿਜੇ ਖਿੱਚੀਂਦਾ ਜਾ ਰਿਹਾ ਹੈ, ਜਿਸ ਦੇ ਆਸਰੇ ਸਾਰੀ ਕਾਇਨਾਤ ਜੁਗਾਂ-ਜੁਗਾਂਤਰਾਂ ਤੋਂ 'ਬੱਝੀ' ਹੋਈ ਹੈ ਤੇ ਇਲਾਹੀ ਰਵਾਨਗੀ ਵਿਚ ਚਲਦੀ ਜਾ ਰਹੀ ਹੈ ।

ਇਸੇ ਇਲਾਹੀ ਖਿੱਚ (Divine pull) ਦੀ 'ਪ੍ਰੀਤ ਤਾਰ' ਨੂੰ ਹੀ 'ਨਾਮ' ਜਾਂ 'ਸਬਦ' ਕਿਹਾ ਗਿਆ ਹੈ ਤੇ ਇਸ ਦੀ 'ਆਪ-ਮੁਹਾਰੇ', 'ਸਹਿਜ ਚਾਲ' ਨੂੰ ਹੀ 'ਹੁਕਮ' ਕਿਹਾ ਗਿਆ ਹੈ, ਜੋ ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ ਜੀਵਨ-ਰੌਂ ਰੂਪ ਵਿਚ ਸਦੀਵੀ ਵਗ ਰਿਹਾ ਹੈ ਤੇ ਇਸ ਕਾਇਨਾਤ ਨੂੰ ਕਾਇਮ-ਦਾਇਮ ਰਖਦਾ ਹੈ । ਇਹ 'ਪ੍ਰੀਤ ਤਾਰ', 'ਪ੍ਰੇਮ-ਛੋਹ' ਯਾ ਨਾਮ ਦੀ 'ਪ੍ਰੇਮ-ਟੁੰਬਣੀ' ਹੀ ਗੁਰਪ੍ਰਸਾਦਿ ਅਥਵਾ ਹੋਇ ਮਿਹਰਵਾਨਾ (grace) ਹੈ ।

ਪਰ ਸਾਡਾ ਹਉਮੈ ਵੇੜ੍ਹਿਆ ਮਨ ਪਰਮੇਸ਼ਰ ਦੀ ਬਖਸ਼ੀ ਹੋਈ ਬੁੱਧੀ ਨਾਲ ਉਕਤੀਆਂ, ਜੁਗਤੀਆਂ, ਸਿਆਣਪਾਂ ਆਦਿ ਘੋਟ-ਘੋਟ ਕੇ ਆਪਣੇ ਹੀ ਭਾਣੇ ਵਿਚ ਵਰਤਦਾ ਹੈ ਤੇ 'ਲਿਖਿਆ ਨਾਲ' ਹੁਕਮ ਤੋਂ ਬੇਮੁਖ ਹੋ ਕੇ ਇਲਾਹੀ 'ਪ੍ਰੀਤ-ਤਾਰ' ਤੋਂ ਟੁੱਟ ਜਾਂਦਾ ਹੈ ।

ਇਸ ਤਰ੍ਹਾਂ ਇਲਾਹੀ-ਮਾਂ ਦੀ ਨਿੱਘੀ ਗੋਦ ਤੇ ਪਿਆਰ, ਸੁਖ ਅਤੇ ਬਖਸ਼ਿਸ਼ਾਂ ਤੋਂ ਵਾਂਞਾ ਰਹਿੰਦਾ ਹੈ ।

ਜੇਕਰ ਬਿਜਲੀ ਦੀ ਤਾਰ ਵਿਚ ਕੋਈ ਨੁਕਸ ਪੈ ਜਾਵੇ ਤਾਂ ਬਲਬ (bulb) ਬੁਝ ਜਾਂਦਾ ਹੈ, ਤੇ ਸਾਨੂੰ ਹਨੇਰੇ ਵਿਚ ਠੋਕਰਾਂ ਖਾਣੀਆਂ ਪੈਂਦੀਆਂ ਹਨ । ਇਸੇ ਤਰ੍ਹਾਂ ਸਾਡੇ ਮਨ ਦੀ 'ਸੁਰਤ' ਦੀ ਤਾਰ ਅੰਤਰ-ਆਤਮੇ ਪਰਮੇਸ਼ਰ ਦੇ 'ਨਾਮ', 'ਹੁਕਮ' ਜਾਂ ਜੀਵਨ-ਰੌਂ ਤੋਂ ਟੁਟ ਜਾਵੇ ਤਾਂ ਸਾਡੇ ਮਨ ਉਤੇ ਅਗਿਆਨਤਾ ਦਾ ਹਨੇਰਾ ਛਾ ਜਾਂਦਾ ਹੈ, ਤੇਅਸੀਂ 'ਹਉਮੈ' ਦੇ ਭਰਮ-ਭੁਲੇਖਿਆਂ ਵਿਚ ਠੋਕਰਾਂ ਖਾਂਦੇ ਹਾਂ ਤੇ ਦੁਖ-ਕਲੇਸ਼ ਭੋਗਦੇ ਹਾਂ ।

ਜਿਵੇਂ 'ਸੂਰਜ' ਦੀ 'ਧੁੱਪ' ਤੋਂ ਲਾਂਭੇ ਹੋ ਕੇ ਕਿਸੇ ਭੋਰੇ ਜਾਂ ਕੰਦਰਾਂ (caves) ਵਿਚ ਲੁਕ ਜਾਈਏ ਤਾਂ ਧੁੱਪ ਦੀ ਨਿਘੀ ਰੋਸ਼ਨੀ ਤੋਂ ਵਾਂਝੇ ਹੋ ਕੇ ਹਨੇਰੇ ਵਿਚ ਦੁਖ ਭੋਗਦੇ ਹਾਂ ।

ਜੇਕਰ ਅਸੀਂ ਮੁੜ ਆਪਣੀ ਇਲਾਹੀ 'ਮਾਂ' ਦੀ ਨਿੱਘੀ ਗੋਦ ਦਾ ਪਿਆਰ ਮਾਨਣਾ ਚਾਹੁੰਦੇ ਹਾਂ ਤਾਂ ਅੰਤਰਮੁਖੀ ਹੋ ਕੇ 'ਸਬਦ-ਸੁਰਤਿ' ਦੀ ਤਾਰ ਦੁਆਰਾ, ਅੰਤਰ-ਆਤਮੇ ਇਲਾਹੀ 'ਹੁਕਮ', 'ਨਾਮ' ਜਾਂ 'ਜੀਵਨ-ਰੌਂ' ਨਾਲ ਜੁੜਨਾ ਲਾਜ਼ਮੀ ਹੈ ।

ਜਾਂ ਇਉਂ ਕਹੋ ਕਿ ਜੇਕਰ ਅਸੀਂ ਭਰਮ ਦੇ ਹਨੇਰੇ ਵਿਚੋਂ ਨਿਕਲਣਾ ਚਾਹੁੰਦੇ ਹਾਂ ਤਾਂ ਸਾਨੂੰ 'ਹਉਮੈ' ਦੀ 'ਹਨੇਰ ਕੋਠੜੀ' ਵਿਚੋਂ ਨਿਕਲ ਕੇ, 'ਨਾਮ-ਰੂਪੀ' ਸੂਰਜ ਦੀ ਰੋਸ਼ਨੀ ਜਾਂ ਧੁੱਪ ਵਿਚ ਆਪਣਾ ਆਪ ਪੇਸ਼ ਕਰਨਾ ਪਵੇਗਾ ।

ਦੂਜੇ ਲਫ਼ਜ਼ਾਂ ਵਿਚ 'ਮਾਇਆ' ਵਲ ਪਿੱਠ ਕਰਕੇ ਆਪਣੇ ਮਨ ਦਾ ਰੁਖ 'ਇਲਾਹੀ-ਸੂਰਜ' ਅਥਵਾ 'ਅਕਾਲ-ਪੁਰਖ' ਵਲ ਕਰਨਾ ਪਵੇਗਾ ਅਥਵਾ ਬੇਮੁਖ ਹੋਏ ਮਨ ਨੂੰ ਗੁਰੂ ਦੀ ਹਜ਼ੂਰੀ ਵਿਚ ਸਨਮੁਖ ਕਰਨਾ ਪਵੇਗਾ । ਇਸੇ ਨੂੰ 'ਚਰਨ-ਸਰਣ ਜਾਣਾ' ਕਿਹਾ ਜਾਂਦਾ ਹੈ ।

ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ ॥ (ਪੰਨਾ-457)

ਨਾਨਕੁ ਪਇਅੰਪੈ ਚਰਨ ਜੰਪੈ
ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥ (ਪੰਨਾ-456)

ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥ (ਪੰਨਾ-919)

ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ
ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈਂ । (ਕ. ਭਾ. ਗੁ. 111)

ਇਹੋ ਸਾਡੇ ਲਈ 'ਕਰਹੁ ਜਤਨ' ਹੈ ।

ਅਸੀਂ ਪਲ-ਪਲ, ਦਿਨਸ-ਰਾਤ ਅਤੇ ਸਾਰੀ ਉਮਰ, ਕਿਸੇ ਨਾ ਕਿਸੇ ਕੰਮ ਵਿਚ ਰੁੱਝੇ ਰਹਿੰਦੇ ਹਾਂ ਪਰ ਸਾਡਾ ਸਾਰਾ ਰੁਝੇਵਾਂ ਯਾ 'ਜਤਨ' ਤ੍ਰੈ-ਗੁਣਾਂ ਵਿਚ ਮਾਇਆ ਦੀ ਗੁਲਾਮੀ ਵਿਚ ਹੁੰਦਾ ਹੈ ।

ਮਾਇਆ ਕਾਰਣਿ ਸਦ ਹੀ ਝੂਰੈ ॥
ਮਨਿ ਮੁਖਿ ਕਬਹਿ ਨ ਉਸਤਤਿ ਕਰੈ ॥ (ਪੰਨਾ-893)

ਮਾਇਆ ਕਾਰਣਿ ਕਰੈ ਉਪਾਉ ॥
ਕਬਹਿ ਨ ਘਾਲੈ ਸੀਧਾ ਪਾਉ ॥ (ਪੰਨਾ-1151)

ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥ (ਪੰਨਾ-1252)

ਕੋਈ ਵਿਰਲਾ ਹੀ ਪਰਮਾਰਥ ਵਲ ਰੁਚੀ ਰਖਦਾ ਹੈ ਤੇ ਧਰਮ ਲਈ ਕੋਈ 'ਜਤਨ' ਯਾ ਉਦਮ ਕਰਦਾ ਹੈ ।

ਵਿਰਲੇ ਕੇਈ ਪਾਈਅਨਿ੍ ਜਿਨ੍ਾ ਪਿਆਰੇ ਨੇਹ ॥ (ਪੰਨਾ-966)

ਬਿਖਿਆ ਕਾ ਸਭੁ ਧੰਧੁ ਪਸਾਰੁ ॥
ਵਿਰਲੈ ਕੀਨੋ ਨਾਮ ਅਧਾਰੁ ॥ (ਪੰਨਾ-1145)

ਗੁਰਮਤਿ ਚਲਦੇ ਵਿਰਲੇ ਬੰਦੇ । (ਵਾ. ਭਾ. ਗੁ. 28/20)

ਧਾਰਮਿਕ ਰੁਚੀ ਵਾਲੇ ਜੋ ਉਦਮ ਯਾ ਜਤਨ ਕਰਦੇ ਹਨ, ਉਹ ਭੀ ਓਪਰੇ ਜਿਹੇ, ਅਧੂਰੇ, ਗਲਤ, ਫੋਕੇ ਅਥਵਾ ਕਰਮ-ਕਾਂਡ ਹੀ ਬਣ ਕੇ ਰਹਿ ਜਾਂਦੇ ਹਨ ।

ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥ (ਪੰਨਾ-551)

ਕਰਮ ਧਰਮ ਪਾਖੰਡ ਜੋ ਦੀਸਹਿ
ਤਿਨ ਜਮੁ ਜਾਗਾਤੀ ਲੂਟੈ ॥ (ਪੰਨਾ-747)

ਕਰਮ ਧਰਮ ਲਖ ਜੋਗ ਭੋਗ ਲਖ ਪਾਠ ਪੜ੍ਹਾਈ ।
ਆਪੁ ਗਣਾਇ ਵਿਗੁਚਣਾ ਓਹੁ ਥਾਇ ਨ ਪਾਈ । (ਵਾ. ਭਾ. ਗੁ. 27/18)

ਸਾਡਾ ਫਰਜ਼ ਅਥਵਾ 'ਜਤਨ' ਤਾਂ ਗੁਰਬਾਣੀ ਦੇ ਉਪਦੇਸ਼ਾਂ ਨੂੰ ਸਮਝਣਾ, ਬੁੱਝਣਾ

ਅਤੇ ਕਮਾਉਣਾ ਹੀ ਹੈ ।

'ਹੋਇ ਮਿਹਰਵਾਨਾ' ਅਥਵਾ ਸਤਿਗੁਰੂ ਦੀ ਬਖਸ਼ਿਸ਼ ਤਾਂ ਸਹਿਜੇ ਅਤੇ ਅਵੱਸ਼ ਹੀ ਹੋ ਰਹੀ ਹੈ ਅਤੇ ਹੁੰਦੀ ਰਹੇਗੀ, ਜਿਸ ਤਰ੍ਹਾਂ ਸੂਰਜ ਤੋਂ ਸੂਰਜ ਦੀ ਧੁੱਪ ।

'ਕਰਉ ਜਤਨ' ਦੀ ਕਮਾਈ ਲਈ ਗੁਰਬਾਣੀ ਇਉਂ ਸਾਡੀ ਅਗਵਾਈ, ਪ੍ਰੇਰਨਾ ਅਤੇ ਸਹਾਇਤਾ ਕਰਦੀ ਹੈ :—

ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ–12)

ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥ (ਪੰਨਾ–22)

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥
ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥ (ਪੰਨਾ–47)

ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥
ਏਕ ਆਸ ਹਰਿ ਮਨਿ ਰਖਹੁ
ਨਾਨਕ ਦੂਖੁ ਭਰਮੁ ਭਉ ਜਾਇ ॥ (ਪੰਨਾ–281)

ਸਾਜਨ ਸੰਤ ਕਰਹੁ ਇਹੁ ਕਾਮੁ ॥
ਆਨ ਤਿਆਗਿ ਜਪਹੁ ਹਰਿ ਨਾਮੁ ॥ (ਪੰਨਾ–290)

ਯਾਹੂ ਜਤਨ ਕਰਿ ਹੋਤ ਛੁਟਾਰਾ ॥
ਉਆਹੂ ਜਤਨ ਸਾਧ ਸੰਗਾਰਾ ॥ (ਪੰਨਾ–259)

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥
ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ
ਦੂਖੁ ਦਰਦੁ ਭ੍ਰਮੁ ਜਾਇ ॥ (ਪੰਨਾ–456)

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ (ਪੰਨਾ–642)

ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ (ਪੰਨਾ–631)

ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ
ਜਪਿ ਹਰਿ ਭਵਜਲੁ ਤਰਨਾ ॥ (ਪੰਨਾ–670)

ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ
ਇਹੁ ਛੂਟਣ ਕਾ ਸਾਚਾ ਭਰਵਾਸਾ ॥ (ਪੰਨਾ–860)

ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥ (ਪੰਨਾ–1349)